# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਮੇਅਰ ਸ਼ਿਵ ਸੂਦ ਨੇ ਵਾਰਡ ਨੰ: 34 ਦਾ ਦੌਰਾ ਕਰਕੇ ਮੁਸ਼ਕਿਲਾਂ ਸਬੰਧੀ ਜਾਣਕਾਰੀ ਲਈ

ਹੁਸ਼ਿਆਰਪੁਰ 1 ਜੂਨ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਹਰ ਰੋਜ਼ ਸਵੇਰੇ ਇਕ ਵਾਰਡ ਦਾ ਦੌਰਾ ਕਰਨ ਦੀ ਮੁਹਿੰਮ ਤਹਿਤ ਉਹਨਾਂ ਨੇ ਵਾਰਡ ਨੰ: 34 ਦੀਆਂ ਮੁਸ਼ਕਲਾਂ ਸਬੰਧੀ ਜਾਣਕਾਰੀ ਲੈਣ ਲਈ ਦੋਰਾ ਕੀਤਾ ਅਤੇ ਕੋਂਸਲਰ ਸੂਨੀਤਾ ਦੂਆ ਨਾਲ ਵਾਰਡ ਦੀਆਂ ਸਮਸਿੱਆਵਾਂ ਸਬੰਧੀ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ। ਕੋਂਸਲਰ ਨੇ ਇਸ ਮੋਕੇ ਤੇ ਜਾਣਕਾਰੀ ਦਿਦਿੰਆ ਦਸਿੱਆ ਕਿ ਮੁਹੱਲਾ ਹਰੀ ਨਗਰ ਦੀ ਪੁਰਾਣੀ ਗਲੀ ਦੀ ਹਾਲਤ ਖਰਾਬ ਹੈ ਉਸਨੂੰ ਪਕਾ ਕਰਵਾਇਆ ਜਾਵੇ ਤੇ ਪੂਨੂੰ ਦੀ ਚੱਕੀ ਦੇ ਸਾਹਮਣੇ ਲਘੰਦੇ ਗੰਦੇ ਨਾਲੇ ਦੀ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਕਰਵਾਉਣ ਲਈ ਉਸਦਾ ਲੈਵਲ ਉੱਚਾ ਕਰਵਾਉਣ ਲਈ ਬੇਨਤੀ ਕੀਤੀ। ਮੇਅਰ ਸ਼ਿਵ ਸੂਦ ਨੇ ਉਹਨਾਂ ਦੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਵਾਉਣ ਦਾ ਭਰੋਸਾ ਦਵਾਇਆ।ਸਾਬਕਾ ਕੋਂਸਲਰ ਸੰਜੀਵ ਦੂਆ, ਕੌਂਸਲਰ ਰਮੇਸ਼ ਕੁਮਾਰ ਠਾਕੁਰ, ਅਸ਼ੋਕ ਕੁਮਾਰ, ਵਿਨੋਦ ਪਰਮਾਰ, ਅਸ਼ੋਕ ਨਕੜਾ, ਪਰਦੀਪ ਕਪੂਰ, ਗੋਰਵ ਗਰਗ, ਰਵੀ ਦੂਆ, ਕਮਲ ਸਿੰਗਲਾ, ਅਤੇ ਮੁਹੱਲਾ ਨਿਵਾਸੀ ਇਸ ਮੋਕੇ ਤੇ ਹਾਜਰ ਸਨ।